22nd Dec, 2000



# ਪੰਜਾਬ ਦੇ ਪਿੰਡ ਪਿੰਡ 'ਚ ਨਾਟਕ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਚੰਡੀਗੜ੍ਹ ਦੀ ਇਕ ਵੱਡੀ ਅਖ਼ਬਾਰ ਵਿ ਥੀਏਟਰ ਨਾਲ ਜੁੜੇ ਕੁਝ ਕਲਾਕਾਰਾਂ ਦੀਆਂ ਚੰਡੀਗੜ੍ਹ ਵਿਖੇ ਥੀਏਟਰ ਦੀਆਂ ਸੰਭਾਵਨਾ ਬਾਰੇ ਕੁਝ ਟਿੱਪਣੀਆਂ ਪੜ੍ਹਨ ਦਾ ਮੌਕਾ ਮਿਲਿਆ ਹੈ। ਇਨ੍ਹਾਂ ਟਿੱਪਣੀਆਂ ਦਾ ਨਿਚੋੜ ਹੈ ਕਿ ਥੀਏਟਰ ਦੀਆਂ ਸਰਗਰਮੀਆਂ ਲਈ ਚੰਡੀਗੜ੍ਹ ਕੋ ਮੁਆਫ਼ਕ ਥਾਂ ਨਹੀਂ। ਇਥੇ ਕੋਈ ਸੂਖਮ ਕਲ ਦੇ ਵਧਣ-ਫੁਲਣ ਦੀ ਸੰਭਾਵਨਾ ਨਹੀਂ। ਲੋ ਖਪਤ ਕਲਚਰ ਦੀ ਭੱਜ-ਦੌੜ ਵਿਚ ਗੁੰਮ ਹੋ ਰਹਿ ਗਏ ਹਨ। ਕਿਸੇ ਵੇਲੇ ਚੰਡੀਗੜ੍ਹ ਦੇ ਟੈ ਥੀਏਟਰ 'ਚ ਹਿੰਦੁਸਤਾਨ ਦੇ ਚੋਟੀ ਨਾਟਕਕਾਰ ਨਾਟਕ ਕਰਨਾ ਆਪਣਾ ਸੁਭ ਸਮਝਦੇ ਸਨ। ਥੀਏਟਰ ਵਰਕਰਾਂ ਦੀਆਂ ਨਿ ਟਿੱਪਣੀਆਂ ਤੋਂ ਚੰਡੀਗੜ੍ਹ ਵਿਖੇ ਥੀਏਟਰ ਭਵਿੱਖ ਬਾਰੇ ਫਿਕਰ ਜ਼ਰੂਰ ਹੁੰਦਾ ਹੈ। ਭਾਵੇਂ ਵੀ ਇਕ ਸਚਾਈ ਹੈ ਕਿ ਚੰਡੀਗੜ੍ਹ, ਪੰਚਕੂ ਅਤੇ ਮੁਹਾਲੀ ਵਿਚ ਥੀਏਟਰ ਨਾਲ ਜੁੜੇ ਗਿਣਤੀ ਵਿਚ ਕਲਾਕਾਰ ਰਹਿੰਦੇ ਹਨ ਟੀ.ਵੀ. ਚੈਨਲਾਂ ਨੇ ਉਨ੍ਹਾਂ ਲਈ ਬੜੇ ਰਾਹ ਹਨ ਪਰ ਫੇਰ ਵੀ ਇਨ੍ਹਾਂ ਕਲਾਕਾਰਾਂ ਦਾ ਕਿ ਹੈ, ਜੋ ਤਸੱਲੀ ਅਤੇ ਖੁਸ਼ੀ ਥੀਏਟਰ ਕਰਨ ਹੁੰਦੀ ਹੈ, ਉਹ ਤਸੱਲੀ ਅਤੇ ਖੁਸ਼ੀ ਟੀ.ਵੀ ਨਹੀਂ ਮਿਲਦੀ।

ਚੰਡੀਗੜ੍ਹ ਦੇ ਉਲਟ ਪੰਜਾਬ 'ਚ ਥੀ ਲਹਿਰ ਬੜੀ ਸਰਗਰਮ ਹੈ; ਵਿਸ਼ੇਸ਼ ਕ ਪੰਜਾਬ ਦੇ ਪਿੰਡਾਂ ਵਿਚ ਤਾਂ ਹੁਣ ਇਹ ਕਲ ਦਾ ਇਕ ਜ਼ਰੂਰੀ ਅੰਗ ਬਣ ਗਿਆ। ਨੌਜਵਾਨਾਂ ਦੇ ਮੇਲਿਆਂ 'ਤੇ, ਖੇਡ ਮੇਲਿਆਂ ਸਾਹਿਤਕ ਕਾਨਫਰੰਸਾਂ 'ਤੇ, ਆ ਜਥੇਬੰਦੀਆਂ ਦੇ ਸਮਾਗਮਾਂ 'ਤੇ ਨ ਪੇਸ਼ਕਾਰੀਆਂ ਜ਼ਰੂਰੀ ਕਰਵਾਈਆਂ ਜਾਂ ਹਨ। ਇਥੇ ਇਨ੍ਹਾਂ ਸਰਗਰਮੀਆਂ ਦਾ ਜਿ ਕੀਤਾ ਜਾ ਰਿਹਾ ਹੈ ਤਾਂ ਜੋ ਸਭਿਆਚ ਇਤਿਹਾਸ ਵਿਚ ਇਨ੍ਹਾਂ ਨੂੰ ਬਣਦੀ ਥਾਂ ਦਿੱਤ ਸਕੇ।

ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ ਵਿਚ ਮੇਰੀ ਆਪਣੀ ਅਗਵਾਈ ਵਿਚ ਚ ਨਾਟਕ ਗਰੁੱਪ ਸਾਰਿਆਂ ਨਾਲੋਂ ਸਰਗਰਮ ਜਾ ਸਕਦਾ ਹੈ। ਕੋਈ ਵੀ ਦਿਨ ਐਸਾ ਲੰਘਦਾ ਜਦੋਂ ਮੈਂ ਕਿਧਰੇ ਨਾ ਕਿਧਰੇ ਨਾਟ ਕਰਦਾ ਹੋਵਾਂ। ਮੈਂ ਇਕ ਵਿਸ਼ੇਸ਼ ਨਾਟਕ ਸ਼ੈਲ ਧਾਰਨੀ ਹਾਂ। ਮੇਰਾ ਯਤਨ ਹੁੰਦਾ ਹੈ ਕਿ ਸਾਦੇ ਤੋਂ ਸਾਦੇ ਤਰੀਕੇ ਨਾਲ ਕੀਤਾ ਜਾਏ. ਸਮਾਜਿਕ ਬਰਾਬਰੀ ਦਾ ਸੁਨੇਹਾ ਜੋ ਮੈਂ ਹੁੰਦਾ ਹੈ, ਉਹਦੇ ਵਿਚ ਕੋਈ ਭੁਲੇਖ ਧੁੰਦਲਾਪਣ ਨਾ ਰਹੇ। ਇਹ ਸੁਨੇਹਾ ਦਿੰਦੇ ਹੋ ਨਾਟਕ ਦੀ ਕਹਾਣੀ ਜਾਂ ਪਲਾਟ ਬਾਰੇ ਪੂਰਾ ਹੁੰਦਾ ਹਾਂ ਅਤੇ ਕੋਸ਼ਿਸ਼ ਕਰਦਾ ਹਾਂ ਕਿ ਕਹਾਣੀ ਸਾਧਾਰਨ ਲੋਕਾਂ ਦੇ ਦੁੱਖ ਤਕਲੀ ਉਨ੍ਹਾਂ ਦੀਆਂ ਖੁਸ਼ੀਆਂ-ਗਮੀਆਂ ਨਾਲ ਹੋਵੇ। ਮੇਰਾ ਇਹ ਯਕੀਨ ਹੈ ਕਿ ਸਾਡੇ ਸਾ ਲੋਕ ਭਾਵੇਂ ਉਹ ਪਿੰਡਾਂ ਦੇ ਹੋਣ, ਕਸਬਿ ਹੋਣ, ਸ਼ਹਿਰਾਂ ਦੇ ਹੋਣ, ਉਹ ਸੰਜੀਦਾ ਗੱਲ ਬਹੁਤ ਧਿਆਨ ਨਾਲ ਸੁਣਦੇ ਹਨ ਤੇ ਉਹਦੇ ਨਾਲ ਜਜ਼ਬਾਤੀ ਤੌਰ 'ਤੇ ਜੁੜਦੇ ਵੀ ਹਨ। ਸਾਡੇ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਨਾਟਕਕਾਰਾਂ ਨੇ ਖਾਹਮਖਾਹ ਇਹ ਧਾਰਨਾ ਬਣਾਈ ਹੋਈ ਹੈ ਕਿ ਸਾਧਾਰਨ ਲੋਕ ਹਾਸੇ-ਠੱਠੇ ਨੂੰ ਹੀ ਚੰਗਾ ਸਮਝਦੇ ਹਨ। ਮੈਂ ਤਜਰਬੇ ਦੀ ਬਿਨ੍ਹਾ 'ਤੇ ਇਹ ਕਹਿ ਸਕਦਾ ਹਾਂ ਕਿ ਇਹ ਧਾਰਨਾ ਠੀਕ ਨਹੀਂ।

ਮੈਂ ਇਨ੍ਹਾਂ ਦਿਨਾਂ ਵਿਚ ਆਪਣੇ ਪ੍ਰੋਗਰਾਮਾਂ ਵਿਚ ਜਸਵੰਤ ਸਿੰਘ ਵਿਰਦੀ ਹੋਰਾਂ ਦੀ ਇਕ ਕਹਾਣੀ 'ਹਨੇਰੇ ਵੱਲ ਜਾਂਦਾ ਰਾਹ' 'ਤੇ ਅਧਾਰਤ ਨਾਟਕ 'ਮੈਂ ਹੁਣ ਇਹ ਨਹੀਂ ਹੋਣ ਦਿਆਂਗੀ' ਸ਼ਾਮਲ ਕਰਦਾ ਹਾਂ। ਇਹ ਇਕ ਬੜਾ ਸੰਜੀਦਾ ਨਾਟਕ ਹੈ, ਜੋ ਇਕ ਮਾਂ ਦੇ ਇਰਾਦੇ ਦੀ ਕਹਾਣੀ ਹੈ, ਜੋ ਆਪਣੇ ਪੁੱਤਰ ਨੂੰ ਨਸ਼ਿਆਂ ਦੇ ਰਾਹ ਤੋਂ ਜਾਣ ਤੋਂ ਬਚਾਂਦੀ ਹੈ। ਇਹ ਨਾਟਕ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹਦੀ ਭੂਮਿਕਾ ਵੀ ਜ਼ਰੂਰ ਦਰਸ਼ਕਾਂ ਨਾਲ ਸਾਂਝੀ ਕਰਦਾ ਹਾਂ। ਸਾਡਾ ਸਮਾਜ ਇਕ ਡੂੰਘੇ ਸੰਕਟ ਵਿਚ ਹੈ। ਜ਼ਿੰਦਗੀ ਦੀਆਂ ਕਦਰਾਂ-ਕੀਮਤਾਂ ਨੂੰ ਢਾਹ ਲਗ ਗਈ ਹੈ। ਇਸ ਸੰਕਟ ਵਿਚ ਨੌਜਵਾਨਾਂ ਦੀ ਕਲਿਆਣਕਾਰੀ ਭੂਮਿਕਾ ਹੈ ਪਰ ਉਹ ਇਹ ਭੂਮਿਕਾ ਤਾਂ ਹੀ ਨਿਭਾ ਸਕਣਗੇ ਜੇ ਉਨ੍ਹਾਂ ਦੀ ਲੜਨ ਸ਼ਕਤੀ ਤੀਖਣ ਹੋਵੇਗੀ। ਸਮਾਜਿਕ ਠੱਗਾਂ ਦੀ, ਦੇਸੀ ਅਤੇ ਵਿਦੇਸ਼ੀ ਅਜਾਰੇਦਾਰਾਂ ਦੀ ਇਹ ਕੋਸ਼ਿਸ਼ ਹੋਵੇਗੀ ਕਿ ਉਹ ਇਸ ਲੜਨ ਸ਼ਕਤੀ ਨੂੰ ਖੁੰਢਿਆਂ ਕਰਨ। ਇਹ ਨਾਟਕ ਨੌਜਵਾਨਾਂ ਦੀ ਇਸ ਸ਼ਕਤੀ ਨੂੰ ਸਮਰਪਿਤ ਹੈ। ਇਹ ਨਾਟਕ ਮੈਂ ਪਛੜੇ ਤੋਂ ਪਛੜੇ ਇਲਾਕਿਆਂ ਵਿਚ ਵੀ ਕੀਤਾ ਹੈ, ਹਰ ਥਾਂ ਇਹਨੂੰ ਭਰਵਾਂ ਹੁੰਗਾਰਾ ਮਿਲਿਆ ਹੈ ਕਿਉਂਕਿ ਇਹ ਨਸ਼ਿਆਂ ਦੇ ਵਿਰੁੱਧ ਪ੍ਰਚਾਰ ਵਾਕਣ ਨਹੀਂ ਪੇਸ਼ ਕੀਤਾ ਜਾਂਦਾ, ਸਗੋਂ ਇਕ ਸਾਹਿਤਕ ਕਿਰਤ ਦੇ ਤੌਰ 'ਤੇ ਕੀਤਾ ਜਾਂਦਾ ਹੈ ਅਤੇ ਲੋਕਾਂ ਦੇ ਜਜ਼ਬਿਆਂ ਨੂੰ ਟੁੰਬਦਾ ਹੈ। ਇਹ ਨਾਟਕ ਮੇਰੇ ਹੋਰ ਲੋਕਾਂ ਵਲੋਂ ਮਕਬੂਲ ਮੰਨੇ ਜਾਂਦੇ ਨਾਟਕਾਂ ਵਾਂਗ, ਜਿਨ੍ਹਾਂ ਵਿਚ ਮੈਂ ਨਵਾਂ ਜਨਮ, ਬੇਗਮੋ ਦੀ ਧੀ, ਰਾਜ ਮਹਾਰਾਜਾ ਰਣਜੀਤ ਸਿੰਘ ਲਾਰੇ ਸ਼ਾਮਲ ਕਰਦਾ ਹਾਂ, ਮਕਬੂਲ ਨਾਟਕ ਹੈ।

ਮੇਰੀ ਆਪਣੀ ਟੀਮ ਦੇ ਇਲਾਵਾ ਪਲਸ ਮੰਚ ਨਾਲ ਜੁੜੀਆਂ ਸੱਤ ਟੀਮਾਂ; ਮੁੱਲਾਂਪੁਰ, ਸਮਰਾਲਾ, ਬਿਆਸ, ਫਗਵਾੜਾ, ਚਮਕੌਰ ਸਾਹਿਬ, ਮੁਹਾਲੀ ਆਦਿ ਪੂਰੀ ਤਰ੍ਹਾਂ ਸਰਗਰਮ ਹਨ। ਇਹ ਟੀਮਾਂ ਅਜਮੇਰ ਸਿੰਘ ਔਲਖ ਦੇ ਨਾਟਕ ਬਹਿਕਦਾ ਰੋਹ, ਬਿਗਾਨੇ ਬੋਹੜ ਦੀ ਛਾਂ, ਝਨਾਂ ਦੇ ਪਾਣੀ, ਯਾਰੜੇ ਦਾ ਸੱਥਰ, ਪਾਲੀ ਭੁਪਿੰਦਰ ਦੇ ਨਾਟਕ ਮਿੱਟੀ ਦਾ ਬਾਵਾ, ਜਦੋਂ ਮੈਂ ਸਿਰਫ ਔਰਤ ਹੁੰਦੀ ਹਾਂ, ਉਸ ਨੂੰ ਕਹੀਂ, ਬਲਦੇਵ ਸਿੰਘ ਮੋਗਾ ਦਾ ਨਾਟਕ ਮਿੱਟੀ ਰੁਦਨ ਕਰੇ ਆਦਿ ਬੜੀ ਸਫਲਤਾ ਨਾਲ ਖੇਡਦੇ ਹਨ। ਇਨ੍ਹਾਂ ਸਾਰੇ ਨਾਟਕਕਾਰਾਂ ਦਾ ਨਾਂ ਪਿੰਡਾਂ ਵਿਚ ਪੂਰੀ ਤਰ੍ਹਾਂ ਜਾਣਿਆਂ ਜਾਂਦਾ ਹੈ। ਹੰਸਾ ਸਿੰਘ ਦਾ ਨਾਟਕ ਪੰਜੋ, ਡਾਕਟਰ ਸਾਹਿਬ ਸਿੰਘ ਦੇ ਨਾਟਕ ਪਿੰਦੇ ਹੁਣ ਜਾਣ ਕਿਥੇ, ਪਿੰਜਰ ਵੀ ਮਕਬੂਲ ਨਾਟਕ ਹਨ। ਸੈਮੂਇਲ ਦਾ ਇਕ ਪਾਤਰ ਨਾਟਕ 'ਜੂਠ', ਦੇਵਿੰਦਰ ਦਮਨ ਦਾ ਨਾਟਕ 'ਛਿਪਣ ਤੋਂ ਪਹਿਲਾਂ' ਚਮਕੌਰ ਸਾਹਿਬ ਦੇ ਗਰੁੱਪ ਵਲੋਂ ਬੜੀ ਸ਼ਿੱਦਤ ਨਾਲ ਖੇਡਿਆ ਜਾਂਦਾ ਹੈ। ਇਨ੍ਹਾਂ ਨਾਟਕਾਂ ਦਾ ਜ਼ਿਕਰ ਤਾਂ ਕੀਤਾ ਜਾ ਰਿਹਾ ਹੈ ਕਿ ਇਹ ਅਨੁਮਾਨ ਲਗਾਇਆ ਜਾ ਸਕੇ ਕਿ ਸਾਹਿਤਕ ਤੌਰ 'ਤੇ ਅਮੀਰ ਨਾਟਕ ਹੁਣ ਪੇਂਡੂ ਮੰਚ ਦੇ ਸ਼ਿੰਗਾਰ ਬਣ ਚੁੱਕੇ ਹਨ। ਕੇਵਲ ਧਾਲੀਵਾਲ ਨੇ ਪਿੱਛੇ ਜਿਹੇ ਜੈਤੋ ਵਿਚ 'ਮੇਰਾ ਰੰਗ ਦੇ ਬਸੰਤੀ ਚੋਲਾ' ਅਤੇ 'ਪਰਤਾਪੀ' ਨਾਟਕ ਕੀਤੇ ਹਨ। ਇਕ ਰਿਪੋਰਟ ਅਨੁਸਾਰ ਲੋਕਾਂ ਨੇ ਇਨ੍ਹਾਂ ਨੂੰ ਬਹੁਤ ਸਲਾਹਿਆ ਹੈ।

ਤਰਕਸ਼ੀਲ ਸਾਰੇ ਪੰਜਾਬ ਵਿਚ ਪਿਛਲੇ ਚੌਦਾਂ ਸਾਲ ਤੋਂ ਬੜੇ ਸਰਗਰਮ ਹਨ। ਉਹ ਵਹਿਮਾਂ-ਭਰਮਾਂ ਦੇ ਵਿਰੁੱਧ ਸੰਘਰਸ਼ ਕਰਦੇ ਹਨ, ਜਾਦੂ ਦੇ ਟਰਿੱਕ ਵਿਖਾ ਕੇ ਪਖੰਡੀ ਸਾਧਾਂ ਦੇ ਪਰਦੇ ਫਾਸ਼ ਕਰਦੇ ਹਨ। ਵੱਡੇ ਵੱਡੇ ਸਮਾਗਮ ਕਰਦੇ ਹਨ। ਪੰਜਾਬ ਦੇ ਕਸਬਿਆਂ ਅਤੇ ਪੇਂਡੂ ਮੰਡੀਆਂ 'ਚ ਉਨ੍ਹਾਂ ਦੀ ਵਿਸ਼ੇਸ਼ ਮਕਬੂਲੀਅਤ ਹੈ। ਉਹ ਆਪਣੇ ਹਰ ਸਮਾਗਮ ਵਿਚ ਨਾਟਕ ਪੇਸ਼ਕਾਰੀ ਜ਼ਰੂਰ ਸ਼ਾਮਲ ਕਰਦੇ ਹਨ। ਇਨ੍ਹਾਂ ਨਾਟਕਾਂ ਵਿਚ 'ਦੇਵਪੁਰਸ਼ ਹਾਰ ਗਏ' ਅਤੇ 'ਸਾੜਸੱਤੀ' ਸ਼ਾਮਲ ਹੁੰਦੇ ਹਨ। ਸਮਰਾਲਾ ਦੇ ਆਰਟ ਸੈਂਟਰ ਵਲੋਂ ਸਾਲ ਵਿਚ ਔਸਤਨ ਅੱਸੀ ਪੇਸ਼ਕਾਰੀਆਂ ਇਨ੍ਹਾਂ ਨਾਟਕਾਂ ਦੀਆਂ ਮਾਸਟਰ ਤ੍ਰਿਲੋਚਨ ਸਿੰਘ ਦੀ ਨਿਰਦੇਸ਼ਨਾ ਥੱਲੇ ਹੁੰਦੀਆਂ ਹਨ।

ਪਲਸ ਮੰਚ ਤੋਂ ਇਲਾਵਾ ਹੁਣ ਅਕਸ ਗਰੁੱਪ ਅਬੋਹਰ, ਰਾਏਕੋਟ, ਬਰਨਾਲਾ, ਪਠਾਨਕੋਟ, ਹੁਸ਼ਿਆਰਪੁਰ, ਜ਼ੀਰਾ, ਲੰਗੇਰੀ, ਲਾਡਰਾਂ, ਲਹਿਰਾਗਾਗਾ, ਸਮਰਾਲਾ ਕਿੰਨੀਆਂ ਹੀ ਟੀਮਾਂ ਹਨ ਜੋ ਆਪਣੇ ਆਪਣੇ ਇਲਾਕਿਆਂ ਵਿਚ ਨਾਟਕ ਸਰਗਰਮੀਆਂ ਕਰ ਰਹੀਆਂ ਹਨ ਅਤੇ ਨਾਟਕਾਂ ਦੇ ਪੱਧਰ ਬਾਰੇ ਵੀ ਚੇਤੰਨ ਹਨ। ਉਹ ਆਪਣੇ ਸਾਧਨਾਂ ਅਨੁਸਾਰ ਬਾਕਾਇਦਾ ਸੈਟ ਵੀ ਡੀਜ਼ਾਇਨ ਕਰਦੀਆਂ ਹਨ। ਮੈਂ ਜਦੋਂ ਇਹ ਜ਼ਿਕਰ ਕਰ ਰਿਹਾ ਹਾਂ ਤਾਂ ਮੇਰੇ ਸਾਹਮਣੇ ਨਾਟਕਾਂ ਦੇ ਵਿਕਾਸ ਦਾ ਇਕ ਇਤਿਹਾਸ ਹੈ। ਇਹ ਵੀ ਸਮਾਂ ਰਿਹਾ ਹੈ ਜਦੋਂ ਗੱਡਿਆਂ ਉਤੇ ਸਟੇਜ ਬਣਾਉਣੀ ਪੈਂਦੀ ਸੀ। ਹੁਣ ਤਕਰੀਬਨ ਹਰ ਪਿੰਡ 'ਚ ਪੱਕੀ ਸਟੇਜ ਮਿਲ ਜਾਂਦੀ ਹੈ। ਨਹੀਂ ਤਾਂ ਟੈਂਟ ਵਾਲਿਆਂ ਕੋਲੋਂ ਮੇਜ਼ਾਂ ਮਿਲ ਜਾਂਦੀਆਂ ਹਨ। 20 ਮੇਜ਼ਾਂ ਜੋੜ ਕੇ ਹਰ ਡੀਜ਼ਾਇਨ ਦੀ ਸਟੇਜ ਬਣਾਈ ਜਾ ਸਕਦੀ ਹੈ। ਇਕ ਵੇਲਾ ਸੀ, ਜਦੋਂ ਪਿੰਡ ਵਿਚ ਬਿਜਲੀ ਨਹੀਂ ਹੁੰਦੀ ਸੀ। ਰੌਸ਼ਨੀ ਲਈ ਲਾਲਟੈਨ ਹੀ ਵਰਤੇ ਜਾਂਦੇ ਸਨ। ਮੈਂ ਆਪ ਗੱਡਿਆਂ 'ਤੇ ਸਟੇਜ ਬਣਾ ਕੇ ਲਾਲਟੈਨ ਦੀ ਰੌਸ਼ਨੀ ਵਿਚ ਬੜੀਆਂ ਪੇਸ਼ਕਾਰੀਆਂ ਕੀਤੀਆਂ ਹਨ। ਹੁਣ ਬਿਜਲੀ ਵੀ ਤਕਰੀਬਨ ਹਰ ਪਿੰਡ 'ਚ ਮਿਲ ਜਾਂਦੀ ਹੈ। ਜੈਨਰੇਟਰ ਦਾ ਵੀ ਪੂਰਾ ਇੰਤਜ਼ਾਮ ਮਿਲ ਜਾਂਦਾ ਹੈ। ਸਾਧਾਰਨ ਬਲਬਾਂ ਅਤੇ ਟਿਊਬਾਂ ਦੀ ਥਾਂ ਹੈਲੋਜਨ ਲਾਈਟਾਂ ਵੀ ਹਨ। ਬਹੁਤ ਸਾਰੇ ਗਰੁੱਪਾਂ ਕੋਲ ਆਪਣੀਆਂ ਸਪਾਟ ਲਾਈਟਾਂ ਅਤੇ ਡਿਮਰ ਵੀ ਹਨ।

ਪੰਜਾਬ ਵਿਚ ਹੁਣ ਵਿਸ਼ਾਲ ਪੱਧਰ 'ਤੇ ਨਾਟਕ ਹੁੰਦੇ ਹਨ। ਉਨ੍ਹਾਂ ਦੀਆਂ ਬਾਕਾਇਦਾ ਸਾਹਿਤਕ ਖੂਬੀਆਂ ਹਨ। ਪੰਜਾਬੀ ਸਾਹਿਤ ਵਿਚ ਨਾਟਕ ਲੇਖਣੀ ਹੋਰ ਵਿਧਾਵਾਂ ਦੇ ਮੁਕਾਬਲੇ ਜ਼ਰੂਰ ਘੱਟ ਹੈ ਪਰ ਇਹ ਘਾਟ ਕਹਾਣੀਆਂ ਅਤੇ ਨਾਵਲ ਨੂੰ ਨਾਟਕਾਂ ਦਾ ਰੂਪ ਦੇ ਕੇ ਪੂਰੀ ਕੀਤੀ ਜਾਂਦੀ ਹੈ। ਕੋਈ ਹਰਿਆ ਬੂਟ ਰਹਿਓ ਰੀ, ਮਿੱਟੀ ਦਾ ਮੁੱਲ, ਮੌਤ ਦਰ ਮੌਤ, ਨਵਾਂ ਜਨਮ, ਪ੍ਰਤਾਪੀ ਆਦਿਕ ਮੰਚ ਦੇ ਸ਼ਾਹਕਾਰ ਨਾਟਕ ਹਨ ਜੋ ਨਾਵਲ ਜਾਂ ਕਹਾਣੀਆਂ 'ਤੇ ਆਧਾਰਿਤ ਹਨ। ਨਾਵਲ, ਕਹਾਣੀ, ਕਵਿਤਾ ਦਾ ਨਾਟਕੀਕਰਨ ਇਹ ਚੰਗਾ ਰੁਝਾਨ ਹੀ ਕਿਹਾ ਜਾ ਸਕਦਾ ਹੈ। ਸ਼ਿਵ ਕੁਮਾਰ ਦੀ ਲੂਣਾ ਦਾ ਨਾਟਕੀ ਰੂਪ, ਕਾਵਿਕ ਰੂਪ ਜਿੰਨਾ ਹੀ ਮਕਬੂਲ ਹੈ।

ਪੰਜਾਬ ਦੀ ਬਹੁਤੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ। ਪੰਜਾਬੀ ਥੀਏਟਰ ਦਾ ਵਿਕਾਸ ਹੀ ਤਾਂ ਹੋਵੇਗਾ ਜੇ ਥੀਏਟਰ ਪਿੰਡਾਂ ਤਕ ਪੁਜੇਗਾ। ਉਹ ਲੋਕਾਂ ਨਾਲ ਜੁੜੇਗਾ। ਉਹ ਸੰਕਲਪ ਹੁਣ ਪੁਰਾਣੇ ਹੋ ਗਏ ਹਨ ਕਿ ਥੀਏਟਰ ਰੱਜੇ-ਪੁੱਜੇ ਬੁੱਧੀਜੀਵੀਆਂ ਦੀ ਅਜਾਰੇਦਾਰੀ ਹੈ। ਅੱਜ ਥੀਏਟਰ ਆਮ ਲੋਕਾਂ ਲਈ ਹੈ। ਪੰਜਾਬ ਦਾ ਥੀਏਟਰ ਠੀਕ ਲੀਹਾਂ 'ਤੇ ਅੱਗੇ ਵਧ ਰਿਹਾ ਹੈ। ਨਵੇਂ ਤੋਂ ਨਵੇਂ ਥੀਏਟਰ ਗਰੁੱਪ ਬਣ ਰਹੇ ਹਨ। ਉਹ ਨਵੇਂ ਤਜਰਬੇ ਵੀ ਕਰਨਗੇ। ਪਾਲੀ ਭੁਪਿੰਦਰ ਅਤੇ ਕੇਵਲ ਧਾਲੀਵਾਲ ਵਰਗੇ ਲੇਖਕ ਅਤੇ ਨਿਰਦੇਸ਼ਕ ਪੰਜਾਬੀ ਨਾਟਕ ਵਿਚ ਮੌਜੂਦ ਹਨ। ਉਨ੍ਹਾਂ ਕੋਲ ਇਸ ਖੇਤਰ ਵਿਚ ਕੰਮ ਕਰਨ ਲਈ 40, 40 ਸਾਲ ਹੋਰ ਹਨ। ਉਨ੍ਹਾਂ ਕੋਲੋਂ ਵੱਡੀਆਂ ਪ੍ਰਾਪਤੀਆਂ ਦੀ ਉਮੀਦ ਰੱਖੀ ਜਾ ਸਕਦੀ ਹੈ।